ਮਿੱਠੇ ਬੱਚੇ:- "ਮਿੱਠੇ ਬੱਚੇ :- ਯਾਦ ਦੀ ਯਾਤਰਾ ਵਿੱਚ ਟਾਇਮ ਦਿੰਦੇ ਰਹੋ ਤਾਂ ਵਿਕਰਮ ਵਿਨਾਸ਼ ਹੁੰਦੇ ਜਾਣਗੇ, ਸਭ ਤੋਂ ਮਮਤਵ ਮਿਟ ਜਾਏਗਾ, ਬਾਪ ਦੇ ਗਲੇ ਦਾ ਹਾਰ ਬਣ ਜਾਓਗੇ"

ਪ੍ਰਸ਼ਨ:- ਗੋਡ ਫ਼ਾਦਰ ਦਵਾਰਾ ਤੁਸੀਂ ਬੱਚੇ ਕਿੰਨਾ ਦੋ ਸ਼ਬਦਾਂ ਦੀ ਪੜ੍ਹਾਈ ਪੜ੍ਹਦੇ ਹੋ? ਉਹਨਾਂ ਦੋ ਸ਼ਬਦਾਂ ਵਿੱਚ ਕਿਹੜਾ ਰਾਜ਼ ਸਮਾਇਆ ਹੋਇਆ ਹੈ?

ਉੱਤਰ:- ਗੋਡ ਫ਼ਾਦਰ ਤੁਹਾਨੂੰ ਇਨਾਂ ਹੀ ਪੜ੍ਹਾਉਂਦਾ ਕਿ - ਹੇ ਆਤਮਾਵੋ, ਸ਼ਰੀਰ ਦਾ ਭਾਨ ਛੱਡੋ' ਅਤੇ 'ਮੈਨੂੰ ਯਾਦ ਕਰੋ' - ਇਹ ਦੋ ਸ਼ਬਦਾਂ ਦੀ ਪੜ੍ਹਾਈ ਇਸਲਈ ਪੜ੍ਹਾਈ ਜਾਂਦੀ ਹੈ ਕਿਉਂਕਿ ਹੁਣ ਤੁਹਾਨੂੰ ਇਸ ਪੁਰਾਣੀ ਦੁਨੀਆਂ ਵਿੱਚ ਪੁਰਾਣੀ ਖਾਲ ਨਹੀਂ ਲੈਣੀ ਹੈ। ਤੁਹਾਨੂੰ ਨਵੀਂ ਦੁਨੀਆਂ ਵਿੱਚ ਜਾਣਾ ਹੈ। ਮੈਂ ਤੁਹਾਨੂੰ ਨਾਲ ਲੈ ਜਾਣ ਆਇਆ ਹਾਂ ਇਸਲਈ ਦੇਹ ਸਹਿਤ ਸਭ ਕੁਝ ਭੁੱਲਦੇ ਜਾਓ।

ਗੀਤ:- ਤੁਮਹੀ ਹੋ ਮਾਤਾ, ਪਿਤਾ ਤੁਮਹੀ ਹੋ...

ਓਮ ਸ਼ਾਂਤੀ। ਬੱਚੇ ਸਾਲੀਗ੍ਰਾਮ ਜਾਣਦੇ ਹਨ ਕਿ ਕਿਸੇ ਮਨੁੱਖ ਦਵਾਰਾ ਅਸੀਂ ਸ਼ਾਸਤਰ ਨਹੀਂ ਸੁਣਦੇ ਹਾਂ। ਇਸਨੂੰ ਸਤਿਸੰਗ ਨਹੀਂ ਕਿਹਾ ਜਾਂਦਾ ਹੈ, ਪੜ੍ਹਾਈ ਕਿਹਾ ਜਾਂਦਾ ਹੈ। ਜੇਕਰ ਮਨੁੱਖਾਂ ਕੋਲੋਂ ਪੁੱਛਿਆ ਜਾਏ ਤਾਂ ਕਹਿਣਗੇ ਕਿ ਅਸੀਂ ਸਤਿਸੰਗ ਵਿੱਚ ਜਾਂਦੇ ਹਾਂ ਜਾਂ ਕਹਿਣਗੇ ਕਿ ਅਸੀਂ ਕਾਲੇਜ ਵਿੱਚ ਜਾਂਦੇ ਹਾਂ। ਇਹ ਤਾਂ ਜਾਣਦੇ ਹੋ ਸਤਿਸੰਗ ਵਿੱਚ ਸਾਧੂ, ਸੰਤ, ਵਿਦਵਾਨ ਆਦਿ ਸੁਣਾਉਣ ਵਾਲੇ ਹੋਣਗੇ। ਸਕੂਲਾਂ ਵਿੱਚ ਵੀ ਮਨੁੱਖ ਟੀਚਰ ਪ੍ਰੋਫੈਸਰ ਆਦਿ ਹੋਣਗੇ, ਇੱਥੇ ਮਨੁੱਖ ਨਹੀਂ ਹਨ। ਇਹ ਹੈ ਬੇਹੱਦ ਦਾ ਰੂਹਾਨੀ ਬਾਪ, ਜਿਸਨੂੰ ਕਿਹਾ ਜਾਂਦਾ ਹੈ - ਤਤਮੇਵ ਮਾਤਾਸਚ ਪਿਤਾ ...ਇਹ ਮਹਿਮਾ ਦੇਵਤਾਵਾਂ ਦੀ ਵੀ ਨਹੀਂ, ਬ੍ਰਹਮਾ, ਵਿਸ਼ਨੂੰ, ਸ਼ੰਕਰ ਦੀ ਵੀ ਨਹੀਂ। ਇਹ ਮਹਿਮਾ ਹੈ ਨਿਰਾਕਾਰ ਪਰਮਪਿਤਾ ਪਰਮਾਤਮਾ ਦੀ। ਹੁਣ ਬੱਚੇ ਜਾਣਦੇ ਹਨ ਕਿ ਨਿਰਾਕਾਰ ਪਰਮਪਿਤਾ ਇਹ ਸ਼ਰੀਰ ਧਾਰਨ ਕਰ ਪਾਰ੍ਹ ਵਜਾ ਰਹੇ ਹਨ। ਸਿਵਾਏ ਇਸ ਨਿਰਾਕਾਰ ਪਰਮਾਤਮਾ ਦੇ ਕੋਈ ਵੀ ਬ੍ਰਹਮਾਕੁਮਾਰ - ਕੁਮਾਰੀਆਂ ਨੂੰ ਪੜ੍ਹਾ ਨਹੀਂ ਸਕਦੇ। ਬ੍ਰਹਮਾ ਨੂੰ ਵੀ ਗਿਆਨ ਦਾ ਸਾਗਰ ਨਹੀਂ ਕਹਾਂਗੇ, ਗਿਆਨ ਸਾਗਰ ਇੱਕ ਹੀ ਪਰਮਪਿਤਾ ਪਰਮਾਤਮਾ ਨੂੰ ਕਿਹਾ ਜਾਂਦਾ ਹੈ। ਉਹ ਹੀ ਪਤਿਤਾਂ ਨੂੰ ਪਾਵਨ ਬਣਾਉਣ ਵਾਲਾ ਹੈ ਕਿਉਂਕਿ ਗਿਆਨ ਸਾਗਰ ਨਾਲ ਹੀ ਸਦਗਤੀ ਹੁੰਦੀ ਹੈ। ਇਹ ਹੈ ਨਵੀਂ ਗੱਲ। ਗੀਤਾ ਵਿੱਚ ਸ਼੍ਰੀਕ੍ਰਿਸ਼ਨ ਦਾ ਨਾਮ ਪਾਉਣ ਨਾਲ ਖੰਡਣ ਕਰ ਦਿੱਤਾ ਹੈ। ਹੁਣ ਮਨੁੱਖਾਂ ਨੂੰ ਕਿਵੇਂ ਪਤਾ ਲੱਗੇ ਕਿ ਨਾਲੇਜ਼ਫੁੱਲ ਪਰਮਪਿਤਾ ਪਰਮਾਤਮਾ ਆਕੇ ਨਾਲੇਜ਼ ਦਿੰਦੇ ਹਨ। ਇਹ ਮਨੁੱਖ ਭੁੱਲ ਜਾਂਦੇ ਹਨ। ਇਵੇਂ ਨਹੀਂ ਕਿ ਸ਼ਾਸਤਰ ਆਦਿ ਦ੍ਵਾਪਰ ਦੇ ਆਦਿ ਵਿੱਚ ਹੀ ਬਣਦੇ ਹਨ। ਨਹੀਂ, ਸਮਝਾਇਆ ਜਾਂਦਾ ਹੈ ਪਹਿਲੇ ਬਾਪ ਦਾ ਚਿੱਤਰ, ਮੰਦਿਰ ਆਦਿ ਬਣਦੇ ਹਨ, ਜਿਸ ਨਾਲ ਭਗਤੀ ਸ਼ੁਰੂ ਹੁੰਦੀ ਹੈ। ਭਗਤੀ ਵੀ ਬਹੁਤ ਸਮੇਂ ਪਰਮਾਤਮਾ ਦੀ ਹੋਣੀ ਚਾਹੀਦੀ ਹੈ ਕਿਉਂਕਿ ਉੱਚ ਤੇ ਉੱਚ ਉਹ ਹੈ। ਉਹਨਾਂ ਦੀ ਪੂਜਾ ਪਹਿਲੇ ਸ਼ੁਰੂ ਹੁੰਦੀ ਹੈ। ਪੂਜਾ ਲਾਇਕ ਹੈ ਹੀ ਇੱਕ ਸ਼ਿਵ। ਇਵੇਂ ਨਹੀਂ ਕਿ ਬ੍ਰਹਮਾ ਵਿਸ਼ਨੂੰ, ਸ਼ੰਕਰ ਅਤੇ ਜਗਤ ਅੰਬਾ, ਜਗਤ ਪਿਤਾ ਪੂਜਾ ਦੇ ਲਾਇਕ ਹਨ। ਇਹਨਾਂ ਸਭਨੂੰ ਪੂਜਯ ਬਣਾਉਣ ਵਾਲਾ ਇੱਕ ਬਾਪ ਹੀ ਹੈ। ਉਹਨਾਂ ਦੀ ਭਗਤੀ ਵੀ ਜਰੂਰ ਜ਼ਿਆਦਾ ਹੋਵੇਗੀ। ਇਹ (ਬ੍ਰਹਮਾ) ਤੇ ਕੁਝ ਨਹੀਂ। ਇਹਨਾਂ ਵਿੱਚ ਪਰਮਪਿਤਾ ਪਰਮਾਤਮਾ ਨਾ ਆਏ ਤਾਂ ਇਹਨਾਂ ਦੀ ਪੂਜਾ ਕੀ ਹੋਵੇਗੀ? ਸਭ ਦਾ ਸਦਗਤੀ ਦਾਤਾ ਇੱਕ ਹੀ ਬਾਪ ਹੈ। ਇਹ ਵਿਚਾਰ ਸਾਗਰ ਮੰਥਨ ਕਰਨਾ ਹੁੰਦਾ ਹੈ। ਭਗਤੀ ਕਿਵੇਂ ਸ਼ੁਰੂ ਹੋਵੇਗੀ? ਸ਼ਿਵਬਾਬਾ ਤਾਂ ਵਿਚਾਰ ਸਾਗਰ ਮੰਥਨ ਨਹੀਂ ਕਰਦੇ। ਬੱਚਿਆਂ ਨੂੰ ਵਿਚਾਰ ਸਾਗਰ ਮੰਥਨ ਕਰਨਾ ਹੈ। ਸਰਸਵਤੀ, ਜੋ ਬ੍ਰਹਮਾ ਦੀ ਮੁਖ ਵੰਸ਼ਾਵਲੀ ਹੈ, ਉਹਨਾਂ ਨੂੰ ਵੀ ਵਿਚਾਰ ਸਾਗਰ ਮੰਥਨ ਕਰਨਾ ਹੈ। ਉੱਚ ਤੇ ਉੱਚ ਹੈ ਇੱਕ, ਜੇਕਰ ਉਹ ਨਾ ਆਏ ਤਾਂ ਦੁਨੀਆਂ ਨੂੰ ਪਤਿਤ ਤੋਂ ਪਾਵਨ ਕੌਣ ਬਣਾਏ? ਸਭ ਮਨੁੱਖ ਮਾਤਰ ਪਤਿਤ ਹਨ। ਹੁਣ ਸ਼ਿਵਬਾਬਾ ਨਾ ਆਏ ਤਾਂ ਸਵਰਗ ਦਾ ਵਰਸਾ ਕੌਣ ਦੇਵੇ? ਨਿਸ਼ਚੇਬੁੱਧੀ ਨਹੀਂ ਹਨ ਤਾਂ ਵਿਜੇ ਮਾਲਾ ਵਿੱਚ ਪਿਰੋ ਨਾ ਸਕਣ। ਸਪੂਤ ਬੱਚੇ ਸਦੈਵ ਗਲੇ ਦਾ ਹਾਰ ਬਣਦੇ ਹਨ। ਬਾਪ ਵੀ ਖੁਸ਼ ਹੁੰਦੇ ਹਨ - ਇਹ ਬੱਚਾ ਬੜਾ ਸਪੂਤ ਆਗਿਆਕਾਰੀ ਹੈ। ਬਹੁਤ ਮਾਂ - ਬਾਪ ਹੁੰਦੇ ਹਨ ਜਿਨ੍ਹਾਂ ਨੂੰ 12 - 14 ਬੱਚੇ ਵੀ ਹੁੰਦੇ ਹਨ, ਜਿਨ੍ਹਾਂ ਵਿੱਚ ਕੋਈ ਕਪੂਤ, ਕੋਈ ਸਪੂਤ ਵੀ ਹੁੰਦੇ ਹਨ। ਪਤਿਤ - ਪਾਵਨ ਬਾਪ ਦੇ ਸਿਵਾਏ ਪਤਿਤਾਂ ਦਾ ਉਦਾਰ ਕੋਈ ਕਰ ਨਹੀਂ ਸਕਦੇ ਹਨ। ਤੁਸੀਂ ਜਾਣਦੇ ਹੋ ਕਿ ਗੰਗਾ ਨਦੀ ਤੇ ਵੀ ਗੰਗਾ ਦਾ ਮੰਦਿਰ ਹੈ। ਤਾਂ ਸਮਝਾਉਣਾ ਚਾਹੀਦਾ ਹੈ ਕਿ ਇਹ ਗੰਗਾ ਫਿਰ ਕੌਣ ਹੈ? ਕੀ ਇਹ ਕੋਈ ਸ਼ਕਤੀ ਹੈ, ਜਿਸ ਨਾਲ ਪਤਿਤ ਤੋਂ ਪਾਵਨ ਬਣਦੇ ਹਨ ਜਾਂ ਪਾਣੀ ਨਾਲ ਪਾਵਨ ਬਣਦੇ ਹਨ? ਬਾਪ ਕਹਿੰਦੇ ਹਨ ਕਿ ਗੰਗਾ ਪਤਿਤ - ਪਾਵਨੀ ਨਹੀਂ ਹੈ। ਸਿਵਾਏ ਯੋਗ ਦੇ ਕੋਈ ਵੀ ਪਾਵਨ ਬਣ ਨਹੀਂ ਸਕਦੇ, ਇਸਲਈ ਤੁਹਨੂੰ ਕੋਈ ਗੰਗਾ ਸਨਾਨ ਨਹੀਂ ਕਰਨਾ ਹੈ। ਯੋਗ ਦਾ ਅਰਥ ਹੈ ਯਾਦ। ਬੁੱਧੀ ਦਾ ਯੋਗ ਲਗਾਉਣਾ ਹੈ। ਉਹ ਤਾਂ ਬਹੁਤ ਯੋਗ ਆਸਣ ਆਦਿ ਲਗਾਉਂਦੇ ਹਨ। ਅਨੇਕ ਤਰ੍ਹਾਂ ਦੇ ਹਠਯੋਗ ਕਰਦੇ ਹਨ, ਉਸਨੂੰ ਯੋਗ ਨਹੀਂ ਕਿਹਾ ਜਾਂਦਾ ਹੈ। ਮਾਤਾਵਾਂ - ਅਬਲਾਵਾਂ ਹਠਯੋਗ ਨੂੰ ਕੀ ਜਾਨਣ।

ਮਨੁੱਖ ਸਕੂਲ ਵਿੱਚ ਪੜ੍ਹਦੇ ਹਨ, ਉਸ ਵਿੱਚ ਧੱਕੇ ਖਾਣ ਦੀ ਕੋਈ ਗੱਲ ਨਹੀਂ ਰਹਿੰਦੀ ਹੈ। ਕੋਈ ਨਾ ਕੋਈ ਇਮਤਿਹਾਨ ਪਾਸ ਕਰਦੇ ਹਨ। ਜਾਣਦੇ ਹਨ ਇਹ ਇਮਤਿਹਾਨ ਪਾਸ ਕਰਕੇ ਇਹ ਬਣਾਂਗੇ। ਇੱਥੇ ਵੀ ਤੁਸੀਂ ਜਾਣਦੇ ਹੋ - ਇਹ ਵੀ ਇਮਤਿਹਾਨ ਹੈ, ਗੋਡ ਫ਼ਾਦਰ

ਪੜ੍ਹਾਉਂਦੇ ਹਨ। ਉਹ ਹਨ ਪਤਿਤ - ਪਾਵਨ। ਤੁਹਾਡੀ ਹੈ ਗੋਡ ਫਾਦਰਲੀ ਸਟੂਡੈਂਟ ਲਾਈਫ। ਬਾਪ ਪਤਿਤ ਤੋਂ ਪਾਵਨ ਕਿਵੇਂ ਬਣਾਉਂਦੇ ਹਨ? ਕਹਿੰਦੇ ਹਨ - ਹੇ ਆਤਮਾਓਂ, ਇਸ ਸ਼ਰੀਰ ਦਾ ਭਾਨ ਛੱਡੋ। ਇਸ ਪੁਰਾਣੇ ਸ਼ਰੀਰ ਨੂੰ ਛੱਡਣਾ ਹੈ। ਪਹਿਲੇ - ਪਹਿਲੇ ਤੁਹਾਡਾ ਸ਼ਰੀਰ ਗੋਰਾ ਸੀ, ਹੁਣ ਆਇਰਨ ਏਜਡ ਹੋ ਗਿਆ ਹੈ। ਹੁਣ ਤੁਹਾਨੂੰ ਨਵੀਂ ਖਾਲ ਤੇ ਇੱਥੇ ਲੈਣੀ ਨਹੀਂ ਹੈ ਕਿਉਂਕਿ ਇੱਥੇ ਤਾਂ 5 ਤੱਤਵ ਹੀ ਤਮੋਪ੍ਰਧਾਨ ਹਨ। ਹੁਣ ਮੈਂ ਤੁਹਾਨੂੰ ਬੱਚਿਆਂ ਨੂੰ ਆਪਣੇ ਨਾਲ ਲੈ ਜਾਵਾਂਗਾ। ਕਲਪ ਪਹਿਲੇ ਵੀ ਲੈ ਗਿਆ ਸੀ। ਮੈਂ ਕਾਲਾਂ ਦਾ ਕਾਲ ਹਾਂ। ਸਭਨੂੰ ਵਾਪਿਸ ਲੈ ਜਾਵਾਂਗਾ। ਫਿਰ ਤੁਹਾਨੂੰ ਅਮਰਪੁਰੀ ਵਿੱਚ ਭੇਜ਼ ਦਵਾਂਗਾ। ਇਹ ਹੈ ਮ੍ਰਿਤੂਲੋਕ, ਛੀ - ਛੀ ਦੁਨੀਆਂ, ਇਸਲਈ ਸੰਗਮਯੁਗ ਨੂੰ 100 ਵਰ੍ਹੇ ਚਾਹੀਦੇ ਹਨ। ਹੋਰ ਤਾਂ ਹਰ ਇੱਕ ਯੁਗ 1250 ਸਾਲ ਦਾ ਹੁੰਦਾ ਹੈ। ਇਸ ਪਿਛਾੜੀ ਦੇ ਸੰਗਮਯੁਗ ਦੀ ਉਮਰ ਬਹੁਤ ਛੋਟੀ ਹੈ। ਜਿਵੇਂ ਬ੍ਰਾਹਮਣਾ ਦੀ ਚੋਟੀ ਛੋਟੀ ਹੁੰਦੀ ਹੈ ਉਵੇਂ ਸੰਗਮਯੁਗ ਦੀ ਉਮਰ ਵੀ ਛੋਟੀ ਹੈ। ਫਿਰ ਇਹ ਦੁਨੀਆਂ ਖ਼ਤਮ ਹੋ ਜਾਏਗੀ, ਤਾਂ ਨਵੇਂ ਮਕਾਨ ਆਦਿ ਬਣਾਉਣੇ ਸ਼ੁਰੂ ਕਰਾਂਗੇ। ਉਸ ਵਿੱਚ ਵੀ ਪਹਿਲੇ ਸ਼੍ਰੀਕ੍ਰਿਸ਼ਨ ਆਉਂਦਾ ਹੈ। ਉਹ ਸ਼ੌਕੀਨ ਹੈ ਮਹਿਲ ਆਦਿ ਬਣਵਾਉਣ ਦਾ। ਕਈ ਤੇ ਬਹੁਤ ਸ਼ੌਕੀਨ ਸੀ ਨਾ ਜਿਸਨੇ ਸੋਮਨਾਥ ਦਾ ਮੰਦਿਰ ਬਣਵਾਇਆ। ਬਿਰਲਾ ਵੀ ਸ਼ੋਕੀਨ ਹੈ, ਕਿਵੇਂ ਦਾ ਵਧੀਆ ਮੰਦਿਰ ਬਣਵਾਇਆ ਹੈ। ਨੰਬਰਵਨ ਵਿੱਚ ਪੂਜਯ ਹੈ ਸ਼ਿਵਬਾਬਾ, ਫਿਰ ਭਗਤੀ ਮਾਰਗ ਵਿੱਚ ਵੀ ਪਹਿਲੇ ਸੋਮਨਾਥ ਦਾ ਮੰਦਿਰ ਹੈ। ਸੋ ਵੀ ਕੁਝ ਸਮੇਂ ਬਾਅਦ ਵਿੱਚ ਬਣਦਾ ਹੋਵੇਗਾ। ਫਿਰ ਪੂਜਾ ਸ਼ੁਰੂ ਹੋਵੇਗੀ। ਹੁਣ ਤਾਂ ਹੈ ਘੋਰ ਹਨ੍ਹੇਰਾ। ਰਾਤ ਪੂਰੀ ਹੋ ਫਿਰ ਦਿਨ ਆਉਂਦਾ ਹੈ।

ਬਾਪ ਕਹਿੰਦੇ ਹਨ ਮੈਂ ਰਾਤ ਅਤੇ ਦਿਨ ਦੇ ਵਿੱਚ ਆਉਂਦਾ ਹਾਂ। ਮਹਾਭਾਰੀ ਲੜਾਈ ਵੀ ਹੈ। ਲਿਖਿਆ ਵੀ ਹੋਇਆ ਹੈ ਕਿ ਯਾਦਵਾ ਦੇ ਪੇਟ ਤੋਂ ਉਹ ਚੀਜ਼ਾਂ ਨਿਕਲੀਆਂ ਜਿਸਨਾਲ ਸਾਰੇ ਕੁਲ ਦਾ ਵਿਨਾਸ਼ ਹੋਇਆ। ਤੁਸੀਂ ਦੇਖ ਰਹੇ ਹੋ ਬਰੋਬਰ ਵਿਨਾਸ਼ ਦੇ ਲਈ ਤਿਆਰੀਆਂ ਕਰ ਰਹੇ ਹਨ। ਸਮਝਦੇ ਹਨ ਕੋਈ ਪ੍ਰੇਰਕ ਹੈ। ਦੋਵਾਂ ਨੇ ਵਿਨਾਸ਼ ਦੇ ਲਈ ਬੰਬਸ ਬਣਾ ਕੇ ਰੱਖੇ ਹਨ। ਆਫ਼ਤਾਂ ਵੀ ਆਉਣੀਆਂ ਹਨ। ਤੁਸੀਂ ਤਾਂ ਪ੍ਰੈਕਟੀਕਲ ਵਿੱਚ ਦੇਖ ਰਹੇ ਹੋ - ਸਥਾਪਨਾ ਵੀ ਹੋ ਰਹੀ ਹੈ, ਵਿਨਾਸ਼ ਵੀ ਸਾਹਮਣੇ ਖੜ੍ਹਾ ਹੈ। ਸਮਝੋ, ਕਿਸੇ ਨੇ ਵਿਨਾਸ਼ ਨਹੀਂ ਦੇਖਿਆ ਹੈ, ਅੱਛਾ, ਬੈਕੁੰਠ ਤਾਂ ਦੇਖਦੇ ਹਨ ਨਾ। ਚੰਗੀ ਤਰ੍ਹਾਂ ਪੜ੍ਹਕੇ ਬਾਪ ਕੋਲੋਂ ਪੂਰਾ ਬੇਹੱਦ ਦਾ ਵਰਸਾ ਲੈਣਾ ਹੈ। ਤੁਹਾਨੂੰ ਸਾਕਾਰ ਨਹੀਂ ਪੜਾਉਂਦੇ ਹਨ। ਸ਼ਾਸਤਰਾਂ ਆਦਿ ਦੀ ਗੱਲ ਨਹੀਂ ਹੈ। ਇਹ ਤਾਂ ਗਿਆਨ ਸਾਗਰ ਖੁਦ ਪੜਾਉਂਦੇ ਹਨ। ਤੁਸੀਂ ਆਪਣੇ ਨੂੰ ਦੇਹੀ ਸਮਝ ਬਾਪ ਨੂੰ ਯਾਦ ਕਰਦੇ ਹੋ। ਭਗਵਾਨੁਵਾਚ - ਆਪਣੇ ਬੱਚਿਆਂ ਪ੍ਰਤੀ ਕਹਿੰਦੇ ਹਨ ਮੈਂ ਤੁਸੀਂ ਬੱਚਿਆਂ ਦੇ ਸਮੁੱਖ ਹੁੰਦਾ ਹਾਂ। ਜੋ ਮੇਰੇ ਬੱਚੇ ਬਣਦੇ ਹਨ ਉਨ੍ਹਾਂ ਵਿਚੋਂ ਕਈ ਸੌਤੇਲੇ ਹਨ, ਕੋਈ ਮਾਤੇਲੇ ਹਨ। ਮਾਤੇਲੇ ਬੱਚਿਆਂ ਨੂੰ ਹੀ ਵਰਸੇ ਦਾ ਹੱਕ ਹੈ। ਸੰਸ਼ੇ ਬੁੱਧੀ ਨੂੰ ਸੌਤੇਲਾ ਕਿਹਾ ਜਾਂਦਾ ਹੈ। ਉਨ੍ਹਾਂ ਨੂੰ ਵਰਸਾ ਨਹੀਂ ਮਿਲ ਸਕਦਾ। ਉਹ ਫਿਰ ਪੁਰਸ਼ਾਰਥ ਅਨੁਸਾਰ ਪ੍ਰਜਾ ਵਿੱਚ ਚਲੇ ਜਾਂਦੇ ਹਨ। ਮਾਤੇਲੇ ਰਾਜਾਈ ਵਿੱਚ ਆ ਜਾਂਦੇ ਹਨ। ਉਹ ਬਾਪ ਨੂੰ ਪਿਆਰ ਕਰਦੇ ਹਨ, ਬਾਪ ਉਨ੍ਹਾਂਨੂੰ ਪਿਆਰ ਕਰਦੇ ਹਨ। ਗਾਉਂਦੇ ਵੀ ਹਨ ਨਾ ਤੁਹਾਡੇ ਤੇ ਬਲਿਹਾਰ ਜਾਵਾਂਗਾ, ਵਾਰੀ ਜਾਵਾਂਗਾ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋਗੇ ਤਾਂ ਮੈਂ ਤੁਹਾਨੂੰ ਮਦਦ ਦੇਵਾਂਗਾ। ਹਿੰਮਤੇ ਮਰਦਾ, ਮਦਦੇ ਖੁਦਾ। ਹੋਰ ਸਭ ਨਾਲ ਬੁੱਧੀਯੋਗ ਤੋੜ ਇੱਕ ਨਾਲ ਜੋੜਨਾ ਹੈ। ਤੁਸੀਂ ਕਹਿੰਦੇ ਹੋ ਅਸੀਂ ਬਾਬਾ ਦੇ ਹਾਂ। ਇਹ ਸਭ ਕੁਝ ਬਾਬਾ ਦਾ ਹੈ। ਬਾਬਾ ਨੂੰ ਅਸੀਂ ਕੱਖਪਨ ਦਿੰਦੇ ਹਾਂ ਅਤੇ ਬਦਲੇ ਵਿਚ ਸਵਰਗ ਦੀ ਬੇਹੱਦ ਦੀ ਬਾਦਸ਼ਾਹੀ ਦਾ ਵਰਸਾ ਲੈਂਦੇ ਹਾਂ। ਇਸ ਪੁਰਾਣੀ ਦੇਹ ਨਾਲ ਸਾਡਾ ਮਮਤਵ ਨਹੀਂ ਹੈ। ਇਹ ਤਾਂ ਤਮੋਪ੍ਰਧਾਨ ਰੋਗੀ ਸ਼ਰੀਰ ਹੈ। ਸਾਡੇ ਕੋਲ ਹੋਰ ਕੀ ਹੈ? ਮਨੁੱਖ ਮਰਦੇ ਹਨ, ਸਭ ਕੁਝ ਛੁੱਟ ਜਾਂਦਾ ਹੈ। ਫਿਰ ਉਨ੍ਹਾਂ ਦਾ ਸਭ ਕੁਝ ਕਰਨੀਘੋਰ ਨੂੰ ਦਿਤਾ ਜਾਂਦਾ ਹੈ। ਅਸੀਂ ਸਭ ਕੁਝ ਤੁਹਾਨੂੰ ਦਿੰਦੇ ਹਾਂ। ਮਮਤਵ ਮਿਟਾਉਣ ਦੇ ਲਈ ਅਸੀਂ ਨਿਰੰਤਰ ਬਾਬਾ ਨੂੰ ਯਾਦ ਕਰਨ ਦਾ ਪੁਰਸ਼ਾਰਥ ਕਰਦੇ ਹਾਂ। ਮਾਇਆ ਫਿਰ ਵਿਘਨ ਪਾਉਂਦੀ ਹੈ ਇਸਲਈ ਹੌਲੀ - ਹੌਲੀ ਜਿੰਨਾਂ ਮੇਰੀ ਯਾਦ ਵਿੱਚ ਟਾਇਮ ਦਿੰਦੇ ਰਹੋਗੇ ਤਾਂ ਵਿਕਰਮ ਵਿਨਾਸ਼ ਹੋਣਗੇ। ਉਹ ਹੀ ਮੇਰੇ ਗਲੇ ਦਾ ਹਾਰ ਬਣਨਗੇ। ਕਿੰਨਾਂ ਸਹਿਜ ਸਮਝਾਉਂਦੇ ਹਨ ਉਹ ਰਥ ਵੀ ਡਰਾਮਾ ਅਨੁਸਾਰ ਮੇਰਾ ਮੁਕਰਰ ਕੀਤਾ ਹੋਇਆ ਹੈ। ਹੋਰ ਕਿਸੇ ਵਿੱਚ ਮੈਂ ਆ ਵੀ ਨਹੀਂ ਸਕਦਾ ਹੈ। ਤੁਸੀਂ ਵੀ ਕਹਿੰਦੇ ਹੋ - ਬਾਬਾ, ਕਲਪ ਪਹਿਲੇ ਵੀ ਅਸੀਂ ਤੁਹਾਨੂੰ ਇਸੇ ਮਕਾਨ ਵਿੱਚ, ਇਸੇ ਡ੍ਰੇਸ ਵਿੱਚ ਮਿਲੇ ਸੀ ਅਤੇ ਤੁਹਾਡੇ ਤੋਂ ਵਰਸਾ ਲਿਆ ਸੀ। ਤਾਂ ਕਿੰਨਾ ਸਹਿਜ ਹੈ।

ਬਾਪ ਕਹਿੰਦੇ ਹਨ ਕਿ ਸਿਰਫ ਮੈਨੂੰ ਯਾਦ ਕਰੋ ਹੋਰ ਕਿਸੇ ਵੀ ਪਾਸੇ ਬੁੱਧੀ ਨਾ ਜਾਵੇ। ਯਾਦ ਰੱਖਣਾ - ਅੰਤਕਾਲ ਜੋ ਪੁੱਤਰ ਸਿਮਰੇ, ਜੇਕਰ ਕਿਸੇ ਨੂੰ ਯਾਦ ਕੀਤਾ ਤਾਂ ਫਿਰ ਉੱਥੇ ਜਨਮ ਲੈਣਾ ਪਵੇਗਾ। ਕੀਤੇ ਵੀ ਮਮਤਵ ਨਹੀਂ ਰਹਿਣਾ ਚਾਹੀਦਾ। ਅੰਤਕਾਲ ਜੋ ਇਸਤਰੀ ਸਿਮਰੇ... ਬਾਪ ਆਉਂਦੇ ਹਨ ਪਤਿਤ ਨੂੰ ਪਾਵਨ ਬਣਾਉਣ, ਉਹਨਾਂ ਦੀ ਕਿੰਨੀ ਮਹਿਮਾ ਕਰਦੇ ਹਨ। ਏਕੋ ਓਂਕਾਰ... ਉਹਨਾਂ ਦਾ ਹੀ ਨਾਮ ਹੈ। ਉਹਨਾਂ ਨੂੰ ਦੂਸਰਾ ਸ਼ਰੀਰ ਮਿਲਦਾ ਹੀ ਨਹੀਂ ਹੈ। ਜੋ ਨਾਮ ਬਦਲੀ ਹੋਵੇ। ਤੁਸੀਂ ਤਾਂ 84 ਜਨਮ ਲੈਂਦੇ ਹੋ ਤਾਂ ਨਾਮ ਵੀ 84 ਪੈਂਦੇ ਹਨ ਬਾਪ ਦੀ ਮਹਿਮਾ ਵਿੱਚ ਗਾਉਂਦੇ ਹਨ ਨਿਰਭੈ, ਨਿਰਵੈਰ, ਅਕਾਲਮੂਰਤ... ਉਹ ਹੀ ਕਾਲਾਂ ਦਾ ਕਾਲ ਹੈ, ਉਹਨਾਂ ਨੂੰ ਕਾਲ ਖਾ ਨਹੀਂ ਸਕਦਾ। ਮੈਂ ਸਭਨੂੰ ਮੁਕਤੀਧਾਮ ਲੈ ਜਾਵਾਂਗਾ। ਨਿਰਵੈਰ, ਮੇਰਾ ਕਿਸੇ ਦੇ ਨਾਲ ਵੈਰ ਨਹੀਂ ਹੈ। ਅਕਾਲਮੂਰਤ, ਅਜੋਨੀ, ਮੈਂ ਜਨਮ -ਮਰਨ ਵਿੱਚ ਨਹੀਂ ਆਉਂਦਾ ਹਾਂ। ਉਹਨਾਂ ਦੀ ਕਿੰਨੀ ਮਹਿਮਾ ਗਾਉਂਦੇ ਹਨ। ਗਾਇਆ ਵੀ ਜਾਂਦਾ ਹੈ ਦੁੱਖ ਹਰਤਾ, ਸੁਖ ਕਰਤਾ... ਕਲਿਯੁਗ ਦੇ ਦੁੱਖ ਹਰਦੇ ਹਨ। ਸਤਿਯੁਗ ਦੇ ਸੁਖ ਦਿੰਦੇ ਹਨ। ਬੱਚੇ ਜਾਣਦੇ ਹਨ ਭਾਰਤ ਵਿਚ ਸਤਿਯੁਗ ਵਿੱਚ ਜੀਵਨਮੁਕਤੀ ਸੀ। ਬਾਕੀ ਸਭ ਆਤਮਾਵਾਂ ਸ਼ਾਂਤੀ ਧਾਮ ਵਿੱਚ ਸਨ, ਯਾਦ ਪੈਂਦਾ ਹੈ ਨਾ। ਤਾਂ ਜਰੂਰ ਬਾਪ ਜਦੋਂ ਸੰਗਮ ਤੇ ਆਏ, ਉਦੋਂ ਸਭ ਨੂੰ ਸ਼ਾਂਤੀਧਾਮ ਲੈ ਜਾਣ ਅਤੇ ਫਿਰ ਤੁਹਾਨੂੰ ਸੁਖਧਾਮ ਭੇਜ ਦੇਣ ਕਿੰਨੀ ਸਹਿਜ ਗੱਲ ਹੈ। ਪਰ ਮਾਇਆ ਅਜਿਹੀ ਹੈ ਜੋ ਇਥੋਂ ਤੋਂ ਬਾਹਰ ਗਏ ਤਾਂ ਭੁੱਲ ਜਾਣਗੇ। ਜਿਵੇਂ ਗਰਭ ਜੇਲ੍ਹ ਵਿੱਚ ਧਰਮਰਾਜ ਦੇ ਦਵਾਰਾ ਤੁਹਾਨੂੰ ਸਜ਼ਾ ਦਿਵਾਉਂਦਾ ਹਾਂ, ਤ੍ਰਾਹਿ - ਤ੍ਰਾਹਿ ਕਰਦੇ ਹੋ ਕਿ ਅਸੀਂ ਮਾਫ਼ੀ ਮੰਗਦੇ ਹਾਂ ਫਿਰ ਇਵੇਂ ਦੇ ਪਾਪ ਨਹੀਂ ਕਰਾਂਗੇ। ਬਾਹਰ ਨਿਕਲਣ ਨਾਲ ਫਿਰ ਵੀ ਪਾਪ ਕਰਨ ਲਗ ਜਾਂਦੇ ਹਨ। ਇਹ ਹੈ ਹੀ ਮਾਇਆ ਦਾ ਰਾਜ।

ਸਤਿਯੁਗ - ਤ੍ਰੇਤਾ ਵਿੱਚ ਮਾਇਆ ਹੁੰਦੀ ਨਹੀਂ। ਉੱਥੇ ਤੇ ਸੁਖ ਹੀ ਸੁਖ ਰਹਿੰਦਾ ਹੈ। ਹੁਣ ਤੁਸੀਂ ਪੜ੍ਹ ਰਹੇ ਹੋ। ਇਸ ਵਿੱਚ ਘਰਬਾਰ ਛੱਡਣ ਦੀ ਗੱਲ ਨਹੀਂ। ਬਾਪ ਕਹਿੰਦੇ ਹਨ - ਦੇਹ ਸਹਿਤ ਸਭ ਕੁਝ ਭੁੱਲ ਜਾਓ। ਤੁਹਾਡਾ ਇਹ ਬੇਹੱਦ ਦਾ ਸੰਨਿਆਸ ਹੈ। ਉਹਨਾਂ ਸਨਿਆਸੀਆਂ ਦਾ ਹੈ ਹੱਦ ਦਾ ਸੰਨਿਆਸ। ਜੰਗਲ ਵਿੱਚ ਜਾਕੇ ਫਿਰ ਮੁੜ ਆਉਂਦੇ ਹਨ ਸ਼ਹਿਰ ਵਿੱਚ। ਨਾਮ ਕਿੰਨੇ ਵੱਡੇ - ਵੱਡੇ ਰਖਵਾਉਂਦੇ ਹਨ। ਬਾਪ ਕਹਿੰਦੇ ਹਨ ਮੈਂ ਕਿੰਨਾ ਸਹਿਜ ਸਮਝਾਉਂਦਾ ਹਾਂ। ਬੁੱਢੀਆਂ ਕਿੰਨੀਆਂ ਹਨ, ਕਹਿੰਦਿਆਂ ਹਨ ਸਾਨੂੰ ਧਾਰਨਾ ਨਹੀਂ ਹੁੰਦੀ। ਅੱਛਾ, ਇਹ ਤਾਂ ਜਾਣਦੀਆਂ ਹੋ ਪਰਮਾਤਮਾ ਪੜ੍ਹਾਉਂਦੇ ਹਨ? ਉਹ ਕਹਿੰਦੇ ਹਨ ਸਿਰਫ਼ ਮੈਨੂੰ ਯਾਦ ਕਰੋ। ਇਸ ਵਿੱਚ ਤਾਂ ਕੋਈ ਤਕਲੀਫ਼ ਨਹੀਂ ਹੈ। ਹੁਣ ਅਸੀਂ 84 ਦਾ ਚੱਕਰ ਪੂਰਾ ਕੀਤਾ ਹੈ। ਇਹ ਹੋਇਆ ਸਵਦਰਸ਼ਨ ਚੱਕਰ। ਆਤਮਾ ਨੂੰ ਚੱਕਰ ਦਾ ਦਰਸ਼ਨ ਹੁੰਦਾ ਹੈ। ਇੱਥੇ ਹੀ ਨਿਰੋਗੀ ਕਾਇਆ ਬਣਦੀ ਹੈ। ਚੱਕਰ ਨੂੰ ਜਾਨਣ ਨਾਲ ਤੁਸੀਂ ਉੱਚ ਪਦਵੀ ਪਾਓਗੇ ਇਸਲਈ ਬਾਬਾ ਕਹਿੰਦੇ ਹਨ ਕਿ ਸਵਦਰਸ਼ਨ ਚੱਕਰਧਾਰੀ ਬਣੋ। ਕਿੰਨਾ ਸਹਿਜ ਸਮਝਾਉਂਦੇ ਹਨ! ਸਹਿਜ ਯਾਦ, ਸਹਿਜ ਸ੍ਰਿਸ਼ਟੀ ਚੱਕਰ, ਕੋਈ ਤਕਲੀਫ਼ ਨਹੀਂ। ਇਹ ਹੈ ਸੱਚੀ ਕਮਾਈ। ਬਾਕੀ ਧਨ ਮਾਲ ਤਾਂ ਸਭ ਖ਼ਤਮ ਹੋ ਜਾਣਾ ਹੈ, ਸਭ ਛੁੱਟ ਜਾਂਦਾ ਹੈ। ਸਾਗਰ ਨੂੰ ਉਥਲ ਖਾਣੀ ਹੈ। ਨੇਚਰੁਲ ਕਲੇਮਿਟੀਜ ਵੀ ਆਉਣੀ ਹੈ। ਭਾਰਤ ਸੱਚਖੰਡ ਸੀ, ਹੋਰ ਕੋਈ ਵੀ ਖੰਡ ਨਹੀਂ ਸੀ। ਭਾਰਤ ਹੈ ਸ਼ਿਵਬਾਬਾ ਦੀ ਜਨਮ ਭੂਮੀ, ਵੱਡੇ ਤੇ ਵੱਡਾ ਤੀਰਥ ਹੈ। ਭਾਰਤ ਵਿੱਚ ਹੀ ਸੋਮਨਾਥ ਦਾ ਮੰਦਿਰ ਚੰਗਾ ਬਣਿਆ ਹੋਇਆ ਹੈ। ਹੁਣ ਤੇ ਢੇਰ ਦੇ ਢੇਰ ਬਣਦੇ ਹਨ।

ਬਾਬਾ ਕਹਿੰਦੇ ਹਨ ਕਿ ਇਸ ਸਮੇਂ ਦੀ ਸ਼ਾਦੀ ਪੂਰੀ ਬਰਬਾਦੀ ਹੈ। ਸ਼ਿਵਬਾਬਾ ਨਾਲ ਸਗਾਈ ਪੂਰੀ ਅਬਾਦੀ ਹੈ। ਸ਼ਿਵਬਾਬਾ ਸਾਜਨ ਵੀ ਹੈ, ਸਵਰਗ ਵਿੱਚ ਭੇਜ ਦਿੰਦੇ ਹਨ। ਤੁਸੀਂ ਇੱਥੇ ਆਏ ਹੋ, ਜਾਣਦੇ ਹੋ ਅਸੀਂ ਇੱਥੇ ਬਰੋਬਰ ਨਰ ਤੋਂ ਨਾਰਾਇਣ, ਨਾਰੀ ਤੋਂ ਲਕਸ਼ਮੀ ਬਣਾਂਗੇ। ਇਵੇਂ ਨਹੀਂ ਕਿ ਪੁਰਸ਼ ਜਾਕੇ ਪੁਰਸ਼ ਹੀ ਬਣਨਗੇ। ਬਦਲਦੇ ਰਹਿੰਦੇ ਹਨ। ਕੋਈ ਚੋਲਾ ਪੁਰਸ਼ ਦਾ, ਕੋਈ ਇਸਤਰੀ ਦੀ। ਫਿਰ ਸਤਿਯੁਗ ਤੋਂ ਤ੍ਰੇਤਾ ਕਿਵੇਂ ਬਣਦਾ ਹੈ - ਇਹ ਵੀ ਸਮਝਾਇਆ ਗਿਆ ਹੈ। ਹੁਣ ਤੁਹਾਨੂੰ ਬੱਚਿਆਂ ਨੂੰ ਨਾਲੇਜ਼ਫੁੱਲ ਗੋਡ ਫ਼ਾਦਰ ਪੜ੍ਹਾਉਂਦੇ ਹਨ। ਮਨੁੱਖ ਤਾਂ ਫ਼ਾਦਰ, ਟੀਚਰ, ਸਤਿਗੁਰੂ ਹੋ ਨਾ ਸਕੇ। ਫ਼ਾਦਰ ਅਤੇ ਟੀਚਰ ਹੋ ਸਕਦੇ ਹਨ, ਗੁਰੂ ਹੋ ਨਹੀਂ ਸਕਦੇ ਹਨ। ਸੋ ਵੀ ਉਹ ਜਿਸਮਾਨੀ ਵਿਧਿਆ। ਇਹ ਬਾਬਾ ਤੇ ਇਕਦਮ ਸਵਰਗ ਦਾ ਮਾਲਿਕ ਬਣਾਉਂਦੇ ਹਨ। ਕੋਈ ਵੀ ਗੱਲ ਨਾ ਸਮਝੋ ਤਾਂ ਹਜ਼ਾਰ ਵਾਰ ਪੁੱਛੋਂ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਸਪੂਤ ਆਗਿਆਕਾਰੀ ਬਣ ਵਿਜੇ ਮਾਲਾ ਵਿੱਚ ਪਿਰੋਣਾ ਹੈ। ਬਾਪ ਨੂੰ ਆਪਣਾ ਕੱਖਪਨ ਦੇ, ਬਲਿਹਾਰ ਹੋਕੇ, ਸਭਤੋਂ ਮਮਤਵ ਮਿਟਾ ਦੇਣਾ ਹੈ।

**2.** ਅੰਤਕਾਲ ਵਿੱਚ ਇੱਕ ਬਾਪ ਦੀ ਹੀ ਯਾਦ ਰਹੇ ਉਸਦੇ ਲਈ ਹੋਰ ਸਭਤੋਂ ਬੁੱਧੀਯੋਗ ਤੋੜ ਨਿਰੰਤਰ ਬਾਪ ਦੀ ਯਾਦ ਵਿੱਚ ਰਹਿਣ ਦਾ ਪੁਰਸ਼ਾਰਥ ਕਰਨਾ ਹੈ।

ਵਰਦਾਨ:- ਸਰਵ ਖਜ਼ਾਨਿਆਂ ਨੂੰ ਖੁਦ ਵਿੱਚ ਸਮਾਕੇ, ਦਿਲਸ਼ਿਕਸਤ -ਪਨ ਅਤੇ ਈਰਖਾ ਤੋਂ ਮੁਕਤ ਰਹਿਣ ਵਾਲੇ ਸਦਾ ਪ੍ਰਸ਼ਨਚਿੱਤ ਭਵ

ਬਾਪਦਾਦਾ ਨੇ ਸਭ ਬੱਚਿਆਂ ਨੂੰ ਸਮਾਨ ਰੂਪ ਨਾਲ ਸਭ ਖਜ਼ਾਨੇ ਦਿੱਤੇ ਹਨ ਪਰ ਕਈ ਉਹਨਾਂ ਪ੍ਰਾਪਤੀਆਂ ਨੂੰ ਖੁਦ ਵਿੱਚ ਸਮਾ ਨਹੀਂ ਸਕਦੇ ਅਤੇ ਸਮੇਂ ਤੇ ਕੰਮ ਵਿੱਚ ਲਿਆਉਣਾ ਨਹੀਂ ਆਉਂਦਾ ਤਾਂ ਸਫ਼ਲਤਾ ਦਿਖਾਈ ਨਹੀਂ ਦਿੰਦੀ ਫਿਰ ਖੁਦ ਤੋਂ ਦਿਲਸ਼ਿਕਸ਼ਤ ਹੋ ਜਾਂਦੇ ਹਨ, ਸੋਚਦੇ ਹਨ ਸ਼ਾਇਦ ਮੇਰਾ ਭਾਗ ਹੀ ਇਵੇਂ ਹੈ। ਉਹਨਾਂ ਨੂੰ ਫਿਰ ਦੂਸਰੇ ਦੀ ਵਿਸ਼ੇਸ਼ਤਾ ਅਤੇ ਭਾਗ ਨੂੰ ਦੇਖ ਈਰਖਾ ਪੈਦਾ ਹੁੰਦੀ ਹੈ। ਇਵੇਂ ਦੇ ਦਿਲਸ਼ਿਕਸ਼ਤ ਹੋਣ ਅਤੇ ਈਰਖਾ ਕਰਨ ਵਾਲੇ ਕਦੀ ਪ੍ਰਸੰਨ ਨਹੀਂ ਰਹਿ ਸਕਦੇ। ਸਦਾ ਪ੍ਰਸੰਨ ਰਹਿਣਾ ਹੈ ਤਾਂ ਇਹਨਾਂ ਦੋਵਾਂ ਗੱਲਾਂ ਤੋਂ ਮੁਕਤ ਰਹੋ।

ਸਲੋਗਨ:- ਸਵਾਰਥ ਦੇ ਬਿਨਾਂ ਸੱਚੇ ਦਿਲ ਨਾਲ ਸੇਵਾ ਕਰਨ ਵਾਲੇ ਹੀ ਸਾਫ਼ ਆਤਮਾ ਹਨ।

******